# ਦਫ਼ਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ ਪੰਜਾਬ

(ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ)

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਐਸ.ਏ.ਐਸ. ਨਗਰ, ਮੋਹਾਲੀ।
ਨੰ. ਗਮਾਡਾ-ਐਲ.ਏ.ਸੀ.2026/
ਮਿਤੀ:

**ਵਿਸ਼ਾ-** **ਐਸ.ਏ.ਐਸ. ਨਗਰ ਵਿਖੇ ਮੈਸ. ਲੈਂਡਚੈਸਟਰ ਇਨਫ੍ਰਾਸਟ੍ਰੈਕਚਰ ਐਸੋਸੀਏਟਸ ਦੇ ਐਰੋਬਿਜ਼ਨਸ ਪਾਰਕ ਨਾਮ ਦੇ ਇੰਡਸਟ੍ਰੀਅਲ ਪਾਰਕ ਵਿੱਚ ਪੈਂਦੇ ਰੈਵਿਨਿਊ ਰਸਤਿਆਂ ਦੀ ਸਥਾਪਨਾ ਲਈ ਭੌਂ ਪ੍ਰਾਪਤ ਕਰਨ ਬਾਰੇ-ਧਾਰਾ 8 ਅਧੀਨ ਕਾਰਵਾਈ।**

**ਹਵਾਲਾ:-** **ਪੱਤਰ ਨੰਬਰ I/1322946/26 ਮਿਤੀ 19.02.2026 ਦੇ ਹਵਾਲੇ ਵਿੱਚ।**

ਕਿਉਂਜੋ ਵਿਸ਼ੇ ਸਬੰਧੀ ਸਕੀਮ ਲਈ ਪ੍ਰਾਪਤ ਕੀਤੀ ਜਾ ਰਹੀ ਭੌਂ ਦੀ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਦੇ ਮੁਲਾਂਕਣ ਬਾਬਤ ਪੰਜਾਬ ਸਰਕਾਰ ਵੱਲੋ The Right to Fair Compensation and Transparency in Land Acquisition, Rehabilitation and Resettlement Act, 2013 ਅਧੀਨ ਗਠਿਤ ਕੀਤੇ ਐਕਸਪਰਟ ਗਰੁੱਪ ਨੇ ਘੋਖ ਕਰਨ ਉਪਰੰਤ ਇਸ ਸਕੀਮ ਲਈ ਨਿਮਨ ਪਿੰਡ ਦੀ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦੀ ਸਿਫਾਰਸ਼ ਕੀਤੀ ਹੈ:-

**ਪਿੰਡ ਦਾ ਨਾਮ : ਮਾਣਕਪੁਰ ਕੱਲਰ**

ਸਾਰਾ ਮਾਮਲਾ ਸਰਕਾਰ ਦੇ ਪੱਧਰ ਤੇ ਵਿਚਾਰ ਕਰਦੇ ਹੋਏ ਯਕੀਨ ਕਰ ਲਿਆ ਹੈ ਕਿ ਸਕੀਮ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਕਰਕੇ ਲੋਕਾਂ ਦਾਂ ਘੱਟ ਤੋਂ ਘੱਟ ਉਜਾੜਾ ਹੋਵੇਗਾ, ਬੁਨਿਆਦੀ ਢਾਂਚੇ ,ਵਾਤਾਵਰਣ ਵਿੱਚ ਘੱਟੋਂ ਘੱਟ ਗੜਬੜ ਅਤੇ ਪ੍ਰਭਾਵਿਤ ਵਿਅਕਤੀਆਂ ਵਿੱਚ ਘੱਟੋਂ ਘੱਟ ਪ੍ਰਤੀਕੂਲ ਪ੍ਰਭਾਵ ਪਵੇਗਾ। ਲਿਹਾਜਾ ਸਮਰਥ ਅਥਾਰਟੀ ਵੱਲੋਂ ਇਸ ਸਕੀਮ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦਾ ਫੈਸਲਾ ਲਿਆ ਹੈ।

**ਭੌਂ ਪ੍ਰਾਪਤੀ ਕੁਲੈਕਟਰ**

**ਪਿੱਠ ਅੰਕਣ ਨੰ .ਗਮਾਡਾ-ਐਲ.ਏ.ਸੀ.2026/** 2960 **ਮਿਤੀ:** 27/2/26

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਘੱਲਿਆ ਜਾਂਦਾ ਹੈ:-

1. ਸਬ-ਡਵੀਜਨਲ ਮੈਜਿਸਟਰੇਟ, ਮੋਹਾਲੀ।
2. ਤਹੀਸੀਲਦਾਰ, ਮੋਹਾਲੀ।
3. ਸਰਪੰਚ, ਪਿੰਡ **ਮਾਣਕਪੁਰ ਕੱਲਰ** ਇਸ ਪੱਤਰ ਬਾਬੰਤ ਪਿੰਡ ਵਿੱਚ ਮੁਨਾਦੀ ਕਰਵਾਈ ਜਾਵੇ ਅਤੇ ਇਸ ਪੱਤਰ ਦੀ ਨਕਲ ਪਿੰਡ ਦੀਆਂ ਮਸਹੂਰ ਥਾਵਾਂ ਜਿਵੇਂ ਕਿ ਮੰਦਿਰ, ਗੁਰਦੁਆਰਾ ਸਾਹਿਬ, ਮਸਜਿਦ , ਜੰਜ –ਘਰ, ਕਮਿਊਨਿਟੀ ਸੈਂਟਰ ਆਦ ਦੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।
4. ਜੀ.ਐਮ.(ਆਈ.ਟੀ), ਗਮਾਡਾ। ਇਹ ਪੱਤਰ ਗਮਾਡਾ ਦੀ ਵੈਬ-ਸਾਈਟ ਤੇ ਅਪ-ਲੋਡ ਕੀਤਾ ਜਾਵੇ।
5. ਮਿਊਸਿਪਲ ਕਾਰਪੋਰੇਸ਼ਨ, ਮੋਹਾਲੀ।
6. ਸੁਪਰਡੰਟ ਹਾਊਸਿੰਗ-1 (ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ) ਨੂੰ ਸੂਚਨਾ ਹਿੱਤ।

Rohit

**ਭੌਂ ਪ੍ਰਾਪਤੀ ਕੁਲੈਕਟਰ**

Scanned with OKEN Scanner

File No:H-U-H1/1/2026-6H1

I/1322946/26.

ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
(ਮਕਾਨ ਉਸਾਰੀ-1 ਸ਼ਾਖਾ)

ਸੇਵਾ ਵਿਖੇ

ਭੌਂ ਪ੍ਰਾਪਤੀ ਕੁਲੈਕਟਰ,
ਸ਼ਹਿਰੀ ਵਿਕਾਸ ਵਿਭਾਗ,
ਪੁੱਡਾ ਭਵਨ, ਐਸ.ਏ.ਐਸ. ਨਗਰ।
ਮਿਤੀ:ਚੰਡੀਗੜ੍ਹ: 19/02/2026.

ਵਿਸ਼ਾ:- Minutes of the meeting of Expert Group constituted under Section 7 of the RFCTLARR Act, 2013 regarding Acquisition of land for Revenue Rastas falling in duly approved Industrial Park project namely 'Aero Business Park' Village Manakpur Kallar falling in the project of M/s Landchester Infrastructure Associate.

*******

ਉਪਰੋਕਤ ਵਿਸ਼ੇ ਤੇ ਆਪ ਦੇ ਦਫ਼ਤਰ ਦੇ ਡਾਇਰੀ ਨੰ: 1684 ਮਿਤੀ 09.02.2026 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਮੈਸ: ਲੈਂਡ ਚੈਸਟਰ ਇਨਫਰਾਸਟਰੱਕਚਰ ਐਸੋਸੀਏਟ ਕੰਪਨੀ ਵਿਚਾਲੇ ਹੋਏ ਐਗਰੀਮੈਂਟ ਅਨੁਸਾਰ ਇਸ ਕੰਪਨੀ ਦੇ "ਏਰੋ ਬਿਜ਼ਨਸ ਪਾਰਕ" ਨਾਮਕ ਪ੍ਰੋਜੈਕਟ ਵਿੱਚ ਪੈਂਦੇ ਰੈਵੀਨਿਊ ਰਸਤੇ ਕੁੱਲ 1.0875 ਏਕੜ (08 ਕਨਾਲ 14 ਮਰਲੇ) ਰਕਬੇ (ਪਿੰਡ ਮਾਣਕਪੁਰ ਕਲਰ) ਨੂੰ ਭੌਂ ਪ੍ਰਾਪਤੀ ਐਕਟ, 2013 ਅਧੀਨ ਐਕੁਆਇਰ ਕਰਨ ਲਈ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਮਾਜਿਕ ਪ੍ਰਭਾਵ ਮੁਲਾਂਕਣ ਕੀਤਾ ਗਿਆ ਜਿਸ ਉਪਰੰਤ ਉਕਤ ਅਥਾਰਟੀ ਵੱਲੋਂ ਪੇਸ਼ ਕੀਤੀ ਗਈ ਸਮਾਜਿਕ ਪ੍ਰਭਾਵ ਮੁਲਾਂਕਣ ਸਬੰਧੀ ਰਿਪੋਰਟ ਬਾਰੇ ਸਿਫਾਰਿਸ਼ਾਂ/ਸੁਝਾਅ ਦੇਣ ਹਿੱਤ ਸਰਕਾਰ ਪੱਧਰ ਤੇ ਮਾਹਿਰ ਕਮੇਟੀ ਦਾ ਗਠਨ ਕੀਤਾ ਗਿਆ ਸੀ। ਮਾਹਿਰ ਕਮੇਟੀ ਵੱਲੋਂ ਪੇਸ਼ ਕੀਤੀਆਂ ਗਈਆ ਸਿਫਾਰਿਸ਼ਾਂ ਨੂੰ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਨ ਉਪਰੰਤ ਪ੍ਰਵਾਨ ਕਰ ਲਿਆ ਗਿਆ ਹੈ।

3. ਉਪਰੋਕਤ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਹਿਰ ਗਰੁੱਪ ਦੀਆਂ ਸਿਫਾਰਿਸ਼ਾਂ ਨੂੰ ਸਰਕਾਰ ਪੱਧਰ ਤੇ ਵਿਚਾਰਨ ਉਪਰੰਤ ਇਸ ਪ੍ਰੋਜੈਕਟ ਵਿੱਚ ਪੈਂਦੀ ਜਗ੍ਹਾ ਨੂੰ ਐਕੁਆਇਰ ਕਰਨ ਹਿੱਤ ਫੈਸਲਾ ਲਿਆ ਗਿਆ ਹੈ। ਇਸ ਲਈ ਭੌਂ ਪ੍ਰਾਪਤੀ ਐਕਟ, 2013 ਵਿੱਚ ਦਰਜ ਵਿਧੀ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

4. ਇਹ ਪੱਤਰ ਸਮਰੱਥ ਅਥਾਰਟੀ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ
19/2/26

Scanned with OKEN Scanner